# मल्लियां दहलीज़ा माये तेरियां

ਮੱਲੀਆਂ ਦਹਿਲੀਜਾਂ ਮਾਏਂ ਤੇਰੀਆਂ, ਓਦੋਂ ਦਾ ਮੈਂ ਮੌਜ ਵਿੱਚ ਹਾਂ | -੨
ਰਾਤਾਂ ਲੰਘ ਗਈਆਂ ਨੇ ਹਨੇਰੀਆਂ,-੨ ਓਦੋਂ ਦਾ ਮੈਂ ਮੌਜ ਵਿੱਚ ਹਾਂ ||
ਮੱਲੀਆਂ ਦਹਿਲੀਜਾਂ ਮਾਏਂ ਤੇਰੀਆਂ - - - - - - - - - - - - - - - - - - -

ਸਦਰਾਂ ਅਧੂਰੀਆਂ ਮਾਂ, ਪੂਰੀਆਂ ਤੂੰ ਕੀਤੀਆਂ |
ਤੈਨੂੰ ਕਿਹੜਾ ਭੁੱਲ, ਮਾਂ ਕੀ ਮੇਰੇ ਨਾਲ ਬੀਤੀਆਂ || -੨
ਹੋਈਆਂ ਨੇ ਮੁਰਾਦਾਂ ਸਭ ਪੂਰੀਆਂ, -੨ ਓਦੋਂ ਦਾ ਮੈਂ ਮੌਜ ਵਿੱਚ ਹਾਂ - - -
ਮੱਲੀਆਂ ਦਹਿਲੀਜਾਂ ਮਾਏਂ ਤੇਰੀਆਂ - - - - - - - - - - - - - - - - - - -

ਕਰਾਂ ਧੰਨਵਾਦ ਤੇਰਾ, ਸੋਹਣੀ ਜ਼ਿੰਦਗੀ ਲਈ |
ਬਖਸ਼ੀ ਆਵਾਜ਼ ਮਾਂ ਤੂੰ, ਆਪਣੀ ਬੰਦਗੀ ਲਈ || -੨
ਬਾਹਾਂ ਫੜੀਆਂ ਨੇ ਜਦੋਂ ਤੋਂ ਤੂੰ ਮੇਰੀਆਂ, -੨ ਓਦੋਂ ਦਾ ਮੈਂ ਮੌਜ ਵਿੱਚ ਹਾਂ - - -
ਮੱਲੀਆਂ ਦਹਿਲੀਜਾਂ ਮਾਏਂ ਤੇਰੀਆਂ - - - - - - - - - - - - - - - - - - -

ਸਿਫ਼ਤ ਕਰਾਂ ਕਿਵੇਂ, ਦਿੱਤੇ ਤੇਰੇ ਪਿਆਰ ਦੀ |
ਲਾਜ਼ ਬਚਾਈ, "ਲਾਡਲੇ" ਦੇ ਪਰਿਵਾਰ ਦੀ || -੨
"ਰੱਜ਼ਤ" ਜਦੋਂ ਦਾ ਬਣਿਆ ਗੁਲਾਮ ਮਾਂ, -੨ ਓਦੋਂ ਦਾ ਮੈਂ ਮੌਜ ਵਿੱਚ ਹਾਂ - - -
ਮੱਲੀਆਂ ਦਹਿਲੀਜਾਂ ਮਾਏਂ ਤੇਰੀਆਂ - - - - - - - - - - - - - - - - - - -

ਲਿਖਾਰੀ - ਰੱਜ਼ਤ ਮਿੱਡਾ
ਗਾਇਕ - ਮਨੀ ਲਾਡਲਾ

https://bhajanganga.com/bhajan/lyrics/id/28252/title/maliya-dehlijan-maye-teriyan

अपने Android मोबाइल पर BhajanGanga App डाउनलोड करें और भजनों का आनंद ले |